Roll No. ........................ Total Pages : 3

**GSM/M-20** **1654**

**PANJABI (COMPULSORY)**

Time Allowed : 3 Hours] [Maximum Marks : 40

**ਨੋਟ** : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਦੋ** ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ: 5+5=10

(ੳ) ਵਜੀਦਾ ਪ੍ਰਤੂ ਪਠਾਨ ਹੋਤੇ, ਦੇਤੇ ਕਲਾਂ ਕੋ ਮੋੜ।
ਅਬ ਸ਼ਰਨ ਪੜੇ ਰਘੁਨਾਥ ਕੀ, ਸਕੈ ਨਾ ਤਿਨਕਾ ਤੋੜ।

(ਅ) ਭਾਈਆਂ ਬਾਝ ਨਾ ਮਜਲਸਾਂ ਸੋਹਦੀਆਂ ਨੇ,
ਅਤੇ ਭਾਈਆਂ ਬਾਝ ਬਹਾਰ ਨਾਹੀਂ।
ਭਾਈ ਮਰਨ ਤਾਂ ਪੌਂਦੀਆਂ ਭੱਜ ਬਾਹਾਂ,
ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ।
ਲੱਖ ਉਟ ਹੈ ਭਾਈਆਂ ਵਸਦਿਆਂ ਦੀ,
ਭਾਈਆਂ ਜੀਂਵਦਿਆਂ ਦੇ ਭਾਈ ਹਾਰ ਨਾਹੀਂ।

(ੲ) ਬੇ-ਬੇਦ ਉਤੇ ਜਿਵੇਂ ਲਿਖਿਆ ਸੀ,
ਤਿਵੇਂ ਪੰਡਤਾਂ ਆਖ਼ ਸੁਣਾਇ ਦਿੱਤਾ।
ਪੂਰਨ ਇਕ ਹਨੇਰਿਉਂ ਨਿਕਲਿਆ ਸੀ,
ਦੂਜ਼ੀ ਕੋਠੜੀ ਦੇ ਵਿਚ ਪਾਇ ਦਿੱਤਾ।

ਸਭੇ ਗੋਲੀਆਂ ਬਾਂਦੀਆਂ ਦਾਈਆਂ ਨੂੰ,
ਬਾਰ੍ਹਾ ਬਰਸ ਦਾ ਖ਼ਰਚ ਪਵਾਇ ਦਿੱਤਾ।

(ਸ) ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।

2. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇੱਕ** ਦੀ ਸਾਹਿਤਕ ਆਲੋਚਨਾ ਕਰੋ : 10

(ੳ) ਬੁੱਤ ਸ਼ਿਕਨ

(ਅ) ਵੱਡਾ ਆਦਮੀ।

3. ਤੁਸੀਂ ਆਪਣੇ ਨਵੇਂ ਬਣੇ ਘਰ ਦੇ ਮਹੂਰਤ ਦੀ ਖੁਸ਼ੀ ਵਿੱਚ ਸ਼ਾਮਲ ਹੋਣ ਲਈ ਸਗੇ-ਸੰਬੰਧੀਆਂ ਤੇ ਮਿਤਰਾਂ ਨੂੰ ਸੱਦਾ-ਪੱਤਰ ਲਿਖੋ।

**ਜਾਂ**

ਤੁਹਾਡੇ ਮਾਤਾ-ਪਿਤਾ ਦੇ ਵਿਆਹ ਨੂੰ 25 ਸਾਲ ਪੂਰੇ ਹੋ ਚੁੱਕੇ ਹਨ। ਉਹਨਾਂ ਦੀ 25ਵੀਂ ਵਰ੍ਹੇਗੰਢ ਮਨਾਉਣ ਦੇ ਮੌਕੇ ਉੱਤੇ ਆਪਣੇ ਮਿੱਤਰਾਂ-ਰਿਸ਼ਤੇਦਾਰਾਂ ਨੂੰ ਸੱਦਾ-ਪੱਤਰ ਲਿਖੋ। 5

4. **ਹੇਠ ਲਿਖੇ ਹਿੰਦੀ ਦੇ ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰੋ :**

ग्रामीण, मूर्छित, ज़मीन पर, ब्याज, वर्ष, अतिथि, अभियान, ऋतु, पत्र, पगड़ी। 5

5. **ਹੇਠ ਲਿਖੇ ਸ਼ਬਦਾਂ ਦੇ ਵਿਪਰੀਤ ਅਰਥ ਲਿਖੋ :**

**ਚਾਨਣ, ਜ਼ਮੀਨ, ਛੜਾ, ਜੀਵਨ, ਉਜਾੜ, ਕਲੇਸ਼, ਮੂਰਖ, ਸਖ਼ਤ, ਤਰੱਕੀ, ਨਿੰਦਾ।** 5

6. **ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਦਾ ਪੰਜਾਬੀ ਰੂਪ ਲਿਖੋ :** 5

| | |
|---|---|
| Accountant | Claim |
| Amount | Conduct |
| Approval | Dated |
| Basic Pay | Day Book |
| Branch | Eligible. |